# ਪਾਠ = 3

## ਪੰਜਾਬ ਦੀ ਲੋਕ-ਗਾਇਕਾ : ਸੁਰਿੰਦਰ ਕੌਰ

### ਔਖੇ ਸ਼ਬਦਾਂ ਦੇ ਅਰਥ :

ਸੁਰੀਲੀ : ਮਿੱਠੀ ਸੁਰ ਵਿੱਚ

ਸ਼ੁਹਰਤ : ਪ੍ਰਸਿੱਧੀ, ਮਸ਼ਹੂਰੀ

ਪ੍ਰਬਲ ਇੱਛਾ : ਤੀਬਰ ਇੱਛਾ

ਇਲਾਹੀ ਸਰੂਰ : ਰੱਬੀ ਮਸਤੀ

ਅਪਾਰ ਕਿਰਪਾ : ਅਤਿਅੰਤ ਮਿਹਰ

ਦਹਾਕਾ : ਦਸ ਵਰ੍ਹਿਆਂ ਦਾ ਸਮਾਂ

ਉਸਤਾਦ : ਸਿੱਖਿਅਕ, ਕੋਈ ਹੁਨਰ ਸਿਖਾਉਣ ਵਾਲ਼ਾ

ਰਿਆਜ਼ : ਅਭਿਆਸ, ਮੁਹਾਰਤ

ਸਰੋਤੇ : ਸੁਣਨ ਵਾਲੇ

ਸਮਰੱਥਾ : ਯੋਗਤਾ, ਤਾਕਤ, ਬਲ, ਸ਼ਕਤੀ

ਸਮਰਪਿਤ : ਅਰਪਣ ਕੀਤਾ, ਸੌਂਪਿਆ, ਭੇਟ ਕੀਤਾ

ਭਰਪੂਰ : ਭਰਿਆ ਹੋਇਆ, ਪੂਰਨ

2. ਪ੍ਰਸ਼ਨ-ਉੱਤਰ

ਪ੍ਰਸ਼ਨ 1 ਸੁਰਿੰਦਰ ਕੌਰ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ?

ਉੱਤਰ ਸੁਰਿੰਦਰ ਕੌਰ ਦਾ ਜਨਮ 25 ਨਵੰਬਰ, 1929 ਨੂੰ ਦੀਵਾਨ ਬਿਸ਼ਨ ਸਿੰਘ ਦੇ ਘਰ ਮਾਂ ਮਾਇਆ ਦੇਵੀ ਦੀ ਕੁੱਖੋਂ ਲਾਹੌਰ ਵਿਖੇ ਹੋਇਆ।

ਪ੍ਰਸ਼ਨ 2 ਸੁਰਿੰਦਰ ਕੌਰ ਨੇ ਕਿਹੜੇ-ਕਿਹੜੇ ਉਸਤਾਦਾਂ ਤੋਂ ਗਾਇਕੀ ਦੀ ਸਿੱਖਿਆ ਹਾਸਲ ਕੀਤੀ?

ਉੱਤਰ ਸੰਗੀਤ ਦੇ ਖੇਤਰ ਵਿੱਚ ਉਸ ਦੇ ਪਹਿਲੇ ਉਸਤਾਦ ਸਨ। ਸੁਰਿੰਦਰ ਕੌਰ ਨੇ ਬੜੇ ਗੁਲਾਮ ਅਲੀ ਖ਼ਾਨ ਦੇ ਭਾਣਜੇ ਅਨਾਇਤ ਹੁਸੈਨ ਤੋਂ ਸ਼ਾਸਤਰੀ-ਸੰਗੀਤ ਦੀ ਸਿੱਖਿਆ ਲਈ। ਪਟਿਆਲੇ ਘਰਾਣੇ ਦੇ ਸੰਗੀਤ-ਸ਼ਾਸਤਰੀ ਉਸਤਾਦਾਂ ਤੋਂ ਸ਼ਾਸਤਰੀ-ਸੰਗੀਤ, ਗ਼ਜ਼ਲ ਅਤੇ ਠੁਮਰੀ ਦੀ ਸਿੱਖਿਆ ਹਾਸਲ ਕੀਤੀ। ਕਾਫ਼ੀਆਂ ਗਾਉਣ ਦਾ ਹੁਨਰ ਪੰਡਤ ਲਾਲ ਅਮਰਨਾ ਤੋਂ ਸਿੱਖਿਆ। ਉਸ ਨੂੰ ਸਿੱਖਿਆ ਦੀ ਏਨੀ ਪ੍ਰਬਲ ਇੱਛਾ ਸੀ ਕਿ ਜਿੱਥੋਂ ਵੀ ਕਿਧਰੇ ਸਿੱਖਣ ਦਾ ਮੌਕਾ ਮਿਲਿਆ, ਉਸ ਨੂੰ ਹੱਥੋਂ ਨਹੀਂ ਗਵਾਇਆ।

ਪ੍ਰਸ਼ਨ 3 ਛੋਟੀ ਉਮਰ ਵਿੱਚ ਹੀ ਸੁਰਿੰਦਰ ਕੌਰ ਦੀ ਪ੍ਰਸਿੱਧੀ ਵਧੀ, ਦੱਸੋ ਕਿਵੇਂ?

ਉੱਤਰ ਸੁਰਿੰਦਰ ਕੌਰ ਨੂੰ 12-13 ਸਾਲ ਦੀ ਉਮਰ ਵਿੱਚ ਹੀ ਲਾਹੌਰ ਰੇਡੀਓ ਸਟੇਸ਼ਨ 'ਤੇ ਬੱਚਿਆਂ ਦੇ ਪ੍ਰੋਗਰਾਮ ਵਿੱਚ ਹਿੱਸਾ ਲੈਣ ਦਾ ਮੌਕਾ ਮਿਲਿਆ। ਉੱਥੇ ਉਸ ਨੇ ਪਹਿਲਾ ਗੀਤ ਗਾਇਆ। ਉਸ ਦੀ ਆਵਾਜ਼ ਤੋਂ ਪ੍ਰਭਾਵਿਤ ਹੋ ਕੇ ਪ੍ਰਬੰਧਕਾਂ ਨੇ ਸੁਰਿੰਦਰ ਕੌਰ ਨੂੰ ਰੇਡੀਓ-ਸਟੇਸ਼ਨ ਤੋਂ

ਅਕਸਰ ਗਵਾਉਣਾ ਸ਼ੁਰੂ ਕਰ ਦਿੱਤਾ। ਛੇਤੀ ਹੀ ਉਸ ਦੀ ਪ੍ਰਸਿੱਧੀ ਏਨੀ ਵਧ ਗਈ ਕਿ 'ਹਿਜ਼ ਮਾਸਟਰਜ਼ ਵਾਇਸ' ਕੰਪਨੀ ਵਾਲਿਆਂ ਨੇ ਤੇ ਫਿਲਮ ਇੰਡਸਟਰੀ ਵਾਲਿਆਂ ਨੇ ਉਸ ਨੂੰ ਗਾਉਣ ਲਈ ਬੁਲਾਇਆ। ਲਾਹੌਰ, 1943 ਵਿੱਚ ਉਸ ਦਾ ਪਹਿਲਾ ਗੀਤ 'ਮਾਵਾਂ ਤੇ ਧੀਆਂ ਰਲ ਬੈਠੀਆਂ ਨੀ ਮਾਏਂ' ਰਿਕਾਰਡ ਹੋਇਆ।

ਪ੍ਰਸ਼ਨ 5 ਸੁਰਿੰਦਰ ਕੌਰ ਨੇ ਆਪਣੀ ਗਾਇਕੀ ਬਾਰੇ ਆਪ ਕੀ ਦੱਸਿਆ?

ਉੱਤਰ ਉਹ ਆਪਣੀ ਗਾਇਕੀ ਬਾਰੇ ਦੱਸਦੀ ਹੈ, "ਗਾਉਣ ਦਾ ਸ਼ੌਕ ਮੈਨੂੰ ਬਚਪਨ ਤੋਂ ਹੀ ਸੀ। ਮੈਂ ਤਾਂ ਏਨਾ ਕਹਾਂਗੀ ਕਿ ਇਹ ਸ਼ੌਕ ਮੈਨੂੰ ਰੱਬ ਨੇ ਹੀ ਲਾਇਆ ਹੈ। ਰੱਬ ਦੀ ਹੀ ਅਪਾਰ ਕਿਰਪਾ ਨਾਲ ਇਹ ਸ਼ੌਕ ਪੂਰਾ ਹੋਇਆ ਅਤੇ ਹੁੰਦਾ ਰਹੇਗਾ......"

ਪ੍ਰਸ਼ਨ 6 ਸੁਰਿੰਦਰ ਕੌਰ ਦੇ ਗਾਏ ਗੀਤਾਂ ਵਿੱਚੋਂ ਕਿਹੜੇ-ਕਿਹੜੇ ਗੀਤ ਵੱਧ ਹਰਮਨ-ਪਿਆਰੇ ਹੋਏ?

ਉੱਤਰ ਸੁਰਿੰਦਰ ਕੌਰ ਦੇ ਗਾਏ ਗੀਤ ਬਹੁਤ ਹਨ ਪਰ ਉਹਨਾਂ ਵਿੱਚੋਂ ਵਧੇਰੇ ਹਰਮਨ-ਪਿਆਰੇ ਗੀਤ ਹਨ:

1 ਸੜਕੇ-ਸੜਕੇ ਜਾਂਦੀਏ ਮੁਟਿਆਰੇ ਨੀ,
ਕੰਡਾ ਚੁਭਾ ਤੇਰੇ ਪੈਰ, ਬਾਂਕੀਏ ਨਾਰੇ ਨੀ।

2 ਮਾਵਾਂ ਤੇ ਧੀਆਂ ਰਲ ਬੈਠੀਆਂ ਨੀ ਮਾਏਂ।

3 ਸਾਡਾ ਚਿੜੀਆਂ ਦਾ ਚੰਬਾ ਵੇ, ਬਾਬਲ ਅਸਾਂ ਉੱਡ ਜਾਣਾ,
ਸਾਡੀ ਲੰਮੀ ਉਡਾਰੀ ਵੇ, ਬਾਬਲ ਕਿਹੜੇ ਦੇਸ ਜਾਣਾ।

4 ਲੱਠੇ ਦੀ ਚਾਦਰ ਉੱਤੇ ਸਲੇਟੀ ਰੰਗ ਮਾਹੀਆ।

ਪ੍ਰਸ਼ਨ 6 'ਸਾਡਾ ਚਿੜੀਆਂ ਦਾ ਚੰਬਾ' ਗੀਤ ਸੁਰਿੰਦਰ ਕੌਰ ਦੇ ਪਰਿਵਾਰ ਦੇ ਜੀਆਂ ਵਿੱਚੋਂ ਹੋਰ ਕਿਸ-ਕਿਸ

ਨੇ ਗਾਇਆ?

ਉੱਤਰ ਸਾਡਾ ਚਿੜੀਆਂ ਦਾ ਚੰਬਾ ਵਾਲਾ ਗੀਤ, ਤਿੰਨੇ ਭੈਣਾਂ: ਪ੍ਰਕਾਸ਼ ਕੌਰ, ਸੁਰਿੰਦਰ ਕੌਰ ਅਤੇ ਨਰਿੰਦਰ ਕੌਰ ਨੇ ਗਾਇਆ ਅਤੇ ਫਿਰ ਇਹੀ ਗੀਤ ਤਿੰਨ ਪੀੜ੍ਹੀਆਂ - ਸੁਰਿੰਦਰ ਕੌਰ, ਉਸ ਦੀ ਧੀ ਡੌਲੀ ਗੁਲੇਰੀਆ ਅਤੇ ਦੋਹਤੀ ਸੁਨੈਨਾ ਨੇ ਵੀ ਗਾਇਆ।

ਪ੍ਰਸ਼ਨ 7 ਸੁਰਿੰਦਰ ਕੌਰ ਦੇ ਪਤੀ ਨੇ ਉਹਨਾਂ ਦੀ ਗਾਇਕੀ ਵਿੱਚ ਕੀ ਯੋਗਦਾਨ ਪਾਇਆ?

ਉੱਤਰ ਉਸ ਦੇ ਸਫਲ ਗਾਇਕਾ ਬਣਨ ਵਿੱਚ ਉਸ ਦੇ ਪਤੀ ਸ. ਜੋਗਿੰਦਰ ਸਿੰਘ ਦਾ ਵੀ ਭਰਪੂਰ ਯੋਗਦਾਨ ਰਿਹਾ ਹੈ। ਉਹ ਵਧੀਆ ਕਵਿਤਾਵਾਂ ਚੋਣ ਕਰ ਕੇ ਲਿਆਉਂਦੇ ਤੇ ਫਿਰ ਉਹਨਾਂ ਦੀਆਂ ਨੂੰ ਸੰਗੀਤ ਦੀਆਂ ਧੁਨਾਂ 'ਤੇ ਗਾਉਣ ਲਈ ਉਸ ਨੂੰ ਉਤਸ਼ਾਹਿਤ ਕਰਦੇ। ਰੋਜ਼ਾਨਾ ਰਿਆਜ਼ ਕਰਨ ਲਈ ਆਖਦੇ।

ਪ੍ਰਸ਼ਨ 8 ਕੀ ਕਾਰਨ ਸੀ ਕਿ ਸੁਰਿੰਦਰ ਕੌਰ ਗੀਤ ਪੇਸ਼ ਕਰਨ ਸਮੇਂ ਆਪਣੇ ਸਰੋਤਿਆਂ ਨੂੰ ਕੀਲ ਲੈਂਦੀ ਸੀ?

ਉੱਤਰ ਸੁਰਿੰਦਰ ਕੌਰ ਦਾ ਗੀਤਾਂ ਵਿੱਚ ਪੰਜਾਬੀ ਰਲ ਕੇ ਤਾਲ ਦੇਣ ਦਾ ਅੰਦਾਜ਼ ਤੇ ਉਸਦੀ ਹੇਕ ਸਰੋਤਿਆਂ ਨੂੰ ਕੀਲ ਲੈਂਦੀ ਸੀ। ਉਹ ਸਧਾਰਨ ਲੋਕ-ਭਾਸ਼ਾ ਦੀ ਵਰਤੋਂ ਕਰਦੀ ਸੀ।

ਪ੍ਰਸ਼ਨ 9 ਸੁਰਿੰਦਰ ਕੌਰ ਨੇ ਪੰਜਾਬ ਤੋਂ ਇਲਾਵਾ ਹੋਰ ਕਿਹੜੀਆਂ-ਕਿਹੜੀਆਂ ਥਾਵਾਂ 'ਤੇ ਗੀਤ ਪੇਸ਼ ਕੀਤੇ?

ਉੱਤਰ ਸੁਰਿੰਦਰ ਕੌਰ ਨੇ ਪੰਜਾਬ ਵਿੱਚ ਹੀ ਨਹੀਂ ਗਾਇਆ ਸਗੋਂ ਉਹ ਵੱਖ-ਵੱਖ ਸਮੇਂ ਭਾਰਤ ਦੇ ਮਹਾਂਨਗਰਾਂ - ਮੁੰਬਈ, ਕਲਕੱਤਾ, ਪੂਨਾ, ਮਦਰਾਸ, ਬੰਗਲੌਰ, ਪਟਨਾ, ਦਿੱਲੀ ਹਰ ਥਾਂ ਸੱਭਿਆਚਾਰਕ ਪ੍ਰੋਗਰਾਮਾਂ ਵਿੱਚ

ਜਾਂਦੀ ਸੀ। ਉਸ ਨੇ ਹਿੰਦੁਸਤਾਨ ਤੋਂ ਬਾਹਰ ਵੀ ਅਨੇਕਾਂ ਮੁਲਕਾਂ ਦਾ ਦੌਰਾ ਕੀਤਾ। ਉਸ ਨੇ ਚੀਨ, ਰੂਸ, ਸਿੰਗਾਪੁਰ, ਕਨੇਡਾ, ਅਮਰੀਕਾ, ਆਸਟ੍ਰੇਲੀਆ ਆਦਿ ਹਰ ਦੇਸ਼ ਵਿੱਚ ਜਾ ਕੇ ਆਪਣੇ ਗੀਤ ਗਾਏ ਤੇ ਪੰਜਾਬੀ ਗਾਇਕੀ ਦੀ ਪੇਸ਼ਕਾਰੀ ਕੀਤੀ।

3 ਗੁਣਾਂ ਵਿੱਚ ਫ਼ਰਕ:-

1 ਕਲਾਕਾਰ: ਕਲਾਕਾਰ ਕਿਸੇ ਦੇਸ਼ ਦਾ ਅਨਮੁੱਲ ਸਰਮਾਇਆ ਹੁੰਦੇ ਹਨ।

2 ਅੰਤਰਰਾਸ਼ਟਰੀ: ਸੁਰਿੰਦਰ ਕੌਰ ਅੰਤਰ-ਰਾਸ਼ਟਰੀ ਪ੍ਰਸਿੱਧੀ ਹਾਸਲ ਕਰਨ ਵਾਲੀ ਪੰਜਾਬੀ ਕੁੜੀ ਸੀ।

3 ਪ੍ਰਭਾਵਿਤ: ਸੁਰਿੰਦਰ ਕੌਰ ਦੀ ਸੁਰੀਲੀ ਆਵਾਜ਼ ਨੇ ਸਰੋਤਿਆਂ ਨੂੰ ਬਹੁਤ ਪ੍ਰਭਾਵਿਤ ਕੀਤਾ।

4 ਹਰਮਨ-ਪਿਆਰੇ: ਸੁਰਿੰਦਰ ਕੌਰ ਦੇ ਗਾਏ ਗੀਤ ਬਹੁਤ ਹਰਮਨ-ਪਿਆਰੇ ਹੋਏ।

5 ਸਿਰਕੱਢ: ਸੁਰਿੰਦਰ ਕੌਰ ਪੰਜਾਬ ਦੀ ਸਿਰਕੱਢ ਗਾਇਕਾ ਹੈ।

6 ਹਿੰਦੁਸਤਾਨ: ਸੁਰਿੰਦਰ ਕੌਰ ਨੇ ਹਿੰਦੁਸਤਾਨ ਵਿੱਚ ਹੀ ਨਹੀਂ ਸਗੋਂ ਵਿਦੇਸ਼ਾਂ ਵਿੱਚ ਵੀ ਪ੍ਰਸਿੱਧੀ ਹਾਸਲ ਕੀਤੀ।

7 ਸੱਭਿਆਚਾਰ: ਸੁਰਿੰਦਰ ਕੌਰ ਦੇ ਗਾਏ ਗੀਤ ਪੰਜਾਬੀ ਸੱਭਿਆਚਾਰ ਦੀ ਮੂੰਹ ਬੋਲਦੀ ਤਸਵੀਰ ਹੈ।

8 ਸੁਹਾਗ: ਸੁਰਿੰਦਰ ਕੌਰ ਨੇ ਸੁਹਾਗ ਵੀ ਗਾਏ ਅਤੇ ਘੋੜੀਆਂ ਵੀ।

5 ਕਿਰਿਆ ਵਰਨ:-

ਕਿਰਿਆ: ਉਹ ਸ਼ਬਦ ਜਿਸ ਤੋਂ ਕਿਸੇ
ਕੰਮ ਦਾ ਹੋਣਾ, ਕਰਨਾ ਜਾਂ ਸਹਿਣਾ
ਕਾਲ ਸਹਿਤ ਪਾਇਆ ਜਾਵੇ, ਉਸ
ਨੂੰ ਕਿਰਿਆ ਕਿਹਾ ਜਾਂਦਾ ਹੈ, ਜਿਵੇਂ:-
ਗਾਉਣਾ, ਖਾਣਾ, ਜਾਣਾ, ਹੱਸਣਾ, ਬੋਲਣਾ
ਆਦਿ।

ਕਿਰਿਆ ਦੀ ਪਹਿਲੀ ਕਿਸਮ ਦੀ
ਪ੍ਰਕਾਰ-ਭੇਦ:

1 ਅਕਰਮਕ ਕਿਰਿਆ: ਜਿਸ ਵਾਕ
ਵਿੱਚ ਕੇਵਲ ਕਰਤਾ ਹੀ ਹੋਵੇ, ਕਰਮ
ਨਾ ਹੋਵੇ, ਉਸ ਨੂੰ ਅਕਰਮਕ ਕਿਰਿਆ
ਕਿਹਾ ਜਾਂਦਾ ਹੈ।

(ੳ) ਸੁਰਿੰਦਰ ਕੌਰ ਗਾਉਂਦੀ ਸੀ।

(ਅ) ਤੋਤਾ ਸੁਣਦਾ ਹੈ।

(ੲ) ਸੁਹੇਲਾ ਵੀ ਕਦੇ-ਕਦੇ ਗਾਉਂਦੀ ਹੈ।

ਉਪਰੋਕਤ ਵਾਕਾਂ ਵਿੱਚ ਸੁਰਿੰਦਰ ਕੌਰ,
ਤੋਤਾ ਅਤੇ ਸੁਹੇਲਾ ਸ਼ਬਦ ਕਰਤਾ ਹਨ ਤੇ
ਗਾਉਂਦੀ ਸੀ, ਗਾਇਆ ਸੀ ਤੇ ਗਾਉਂਦੀ ਹੈ,
ਅਕਰਮਕ ਕਿਰਿਆਵਾਂ ਹਨ।

ਜਿਹੜੇ ਵਾਕ ਵਿੱਚ ਕਿਰਿਆ ਦਾ ਕਰਤਾ
ਤੇ ਕਰਮ ਦੋਵੇਂ ਹੋਣ, ਉਸ ਨੂੰ ਸਕਰਮਕ
ਕਿਰਿਆ ਕਿਹਾ ਜਾਂਦਾ ਹੈ, ਉਦਾਹਰਨ:-

(ੳ) ਸੁਰਿੰਦਰ ਕੌਰ ਨੇ ਸ਼ਗਨ ਵਿਚ ਹੀ ਗਾਇਆ।

(ਅ) ਉਸ ਨੇ ਦੁਪਹਿਰੇ ਬਹਿ ਕੇ ਲੋਕ-ਗੀਤ ਗਾਏ।

(ੲ) ਮੈਂ ਅਖ਼ਬਾਰ ਰੇਡੀਓ ਸੁਣਦਾ ਹਾਂ।

ਉਪਰੋਕਤ ਵਾਕਾਂ ਵਿੱਚ ਸੁਰਿੰਦਰ ਕੌਰ ਉਸ ਨੇ ਤੇ ਮੈਂ ਕਰਤਾ ਹਨ ਅਤੇ ਲੋਕ-ਗੀਤ
ਰੇਡੀਓ ਤੇ ਸ਼ਗਨ ਗੀਤ ਕਰਮ ਹਨ ਇਸ ਲਈ ਗਾਇਆ,

DATE 11/4/18

PAGE

ਗਾਏ ਕਰਤੇ ਸੁਣਦਾ ਜਾਂ ਕਥਕ ਸਕਰਮਕ
ਕਿਰਿਆਵਾਂ ਹਨ।

Good

10/04/2018